3-JAN-2022.-Page-ABH.qxd 1/3/2022 10:35 PM Page 2

ਫ਼ਾਜ਼ਿਲਕਾ ਵਿਖੇ ਖ਼ੂਨਦਾਨ ਕਰਦੇ ਨੌਜਵਾਨਾਂ ਦੇ ਨਾਲ ਖੜ੍ਹੇ ਹਨ ਸ੍ਰੀ ਰਾਮ ਕਿਰਪਾ ਸੇਵਾ ਸੰਘ ਵੈੱਲਫੇਅਰ ਸੁਸਾਇਟੀ ਤੇ ਅਧਿਆਪਕ ਆਗੂ। ਤਸਵੀਰ-ਪ੍ਰਦੀਪ ਕੁਮਾਰ

ਖ਼ੂਨਦਾਨ ਕੈਂਪ ਲਗਾਇਆ

ਫ਼ਾਜ਼ਿਲਕਾ, 3 ਜਨਵਰੀ (ਅਮਰਜੀਤ ਸ਼ਰਮਾ)-ਸ੍ਰੀ ਰਾਮ ਕਿਰਪਾ ਸੇਵਾ ਸੰਘ ਵਲੋਂ ਈ.ਟੀ.ਟੀ. ਅਧਿਆਪਕ ਯੂਨੀਅਨ ਦੇ ਸਹਿਯੋਗ ਨਾਲ ਸਵ. ਸੰਜੀਵ ਨਾਰੰਗ ਦੀ ਯਾਦ ਨੂੰ ਸਮਰਪਿਤ ਖ਼ੂਨਦਾਨ ਕੈਂਪ ਦੁੱਖ ਨਿਵਾਰਨ ਸ੍ਰੀ ਬਾਲਾ ਜੀ ਧਾਮ ਵਿਖੇ ਲਗਾਇਆ ਗਿਆ, ਜਿਸ ਵਿਚ ਨੌਜਵਾਨਾਂ ਨੇ 220 ਯੂਨਿਟ ਖ਼ੂਨਦਾਨ ਕੀਤਾ। ਇਸ ਮੌਕੇ ਸਰਕਾਰੀ ਹਸਪਤਾਲ ਦੀ ਬਲੱਡ ਬੈਂਕ ਦੀ ਟੀਮ ਦੇ ਡਾ. ਇਸ਼ਾਨ ਜੁਨੇਜਾ, ਰੰਜੂ ਗਿਰਧਰ, ਆਸ਼ਾ ਡੋਡਾ, ਰਾਜ ਸਿੰਘ, ਰਣਜੀਤ ਸਿੰਘ, ਸੁਨੀਲ ਸਿੰਘ, ਰਵੀ ਕੁਮਾਰ, ਅਬੋਹਰ ਬਲੱਡ ਬੈਂਕ ਤੋਂ ਭਾਗੀਰਥ ਕਾਂਟੀਵਾਲ, ਨਰੇਸ਼ ਕੁਮਾਰ, ਕ੍ਰਿਸ਼ਨ ਮੁਟਨੇਜਾ, ਹਰਮੀਤ ਸਿੰਘ, ਪਵਨ ਕੁਮਾਰ ਆਦਿ ਨੇ ਸੇਵਾ ਨਿਭਾਈ। ਸੰਸਥਾ ਦੇ ਬਲੱਡ ਕੈਂਪ ਇੰਚਾਰਜ ਰਾਜੀਵ ਕੁਕਰੇਜਾ ਤੇ ਨੀਰਜ ਘੋਸਲਾ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਦਾ ਉਦੇਸ਼ ਬਲੱਡ ਬੈਂਕ ਦੇ ਸਟਾਕ ਨੂੰ ਮੇਨਟੇਨ ਰੱਖਣਾ ਹੈ ਇਸ ਦੌਰਾਨ ਖ਼ੂਨਦਾਨੀਆਂ ਨੂੰ ਸ਼ਲਾਘਾ ਪੱਤਰ ਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਦਾਨਿਸ਼ ਖੁਰਾਨਾ, ਵਰਿੰਦਰ ਸ਼ਰਮਾ, ਅਨੁਰਾਗ ਬਾਘਲਾ, ਸਤਵਿੰਦਰ ਖੁਰਾਨਾ, ਸੁਭਾਸ਼ ਪੰਚਾਲ, ਪੂਜਾ ਨਾਗਪਾਲ, ਕਿਰਨ ਪ੍ਰਭਾ, ਰਾਘਵ ਨਾਗਪਾਲ, ਨੇਹਾ ਗਰੋਵਰ, ਅਮਿੱਤ ਗਰੋਵਰ, ਸੁਖਵਿੰਦਰ ਸਿੰਘ, ਲਖਵੀਰ ਸਿੰਘ, ਸੁਖਦੇਵ ਸਿੰਘ, ਸਵੀਕਾਰ ਗਾਂਧੀ, ਤਜਿੰਦਰ ਸਿੰਘ, ਅਮਿੱਤ ਨਾਗਪਾਲ, ਸੰਜੀਵ ਅੰਗੀ, ਰਾਘਵ ਉਬਵੇਜਾ, ਅਨੂ ਵਧਵਾ, ਮਦਨ ਲਾਲ ਮਲਹੋਤਰਾ ਤੇ ਅਸ਼ੋਕ ਮੱਕੜ ਆਦਿ ਹਾਜ਼ਰ ਸਨ।

ਫ਼ਾਜ਼ਿਲਕਾ ਤੋਂ 'ਆਪ' ਉਮੀਦਵਾਰ ਨਰਿੰਦਰ ਪਾਲ ਸਿੰਘ ਸਵਨਾ ਨੂੰ ਸਹਿਯੋਗ ਦਾ ਐਲਾਨ ਕਰਦੇ ਹੋਏ ਅਹੁਦੇਦਾਰ ਅਤੇ ਵਲੰਟੀਅਰ। ਅਜੀਤ ਤਸਵੀਰ

'ਆਪ' ਦੇ ਅਹੁਦੇਦਾਰਾਂ ਵਲੋਂ ਉਮੀਦਵਾਰ ਸਵਨਾ ਦਾ ਸਮਰਥਨ

ਫ਼ਾਜ਼ਿਲਕਾ, 3 ਜਨਵਰੀ (ਦਵਿੰਦਰ ਪਾਲ ਸਿੰਘ)-ਆਮ ਆਦਮੀ ਪਾਰਟੀ ਦੀ ਟਿਕਟ ਦੇ ਚਾਰ ਦਾਅਵੇਦਾਰਾਂ ਵਲੋਂ ਫ਼ਾਜ਼ਿਲਕਾ ਤੋਂ 'ਆਪ' ਉਮੀਦਵਾਰ ਨਰਿੰਦਰ ਪਾਲ ਸਿੰਘ ਸਵਨਾ ਸਮਰਥਨ ਦੇਣ ਤੋਂ ਬਾਅਦ ਹੋਰ ਕਈ ਅਹੁਦੇਦਾਰ ਵੀ ਉਨ੍ਹਾਂ ਦੇ ਸਮਰਥਨ ਵਿਚ ਆ ਗਏ ਹਨ। ਆਮ ਆਦਮੀ ਪਾਰਟੀ ਬੀ.ਸੀ. ਵਿੰਗ ਦੇ ਉਪ ਪ੍ਰਧਾਨ ਸੁਭਾਸ਼ ਕੰਬੋਜ, ਰਜਿੰਦਰ ਕੁਮਾਰ, ਸੁਭਾਸ਼ ਚੰਦਰ, ਕਰਮ ਸਿੰਘ, ਹਰਤੇਜ ਸਿੰਘ, ਬਿੱਟੂ ਖ਼ਾਲਸਾ, ਕਰਮ ਚੰਦ ਸਲਮੇਸ਼ਾਹ, ਗੁਰਚਰਨ ਸਿੰਘ ਹਸਤਾ ਕਲਾਂ, ਭਗਵਾਨ ਦਾਸ, ਕ੍ਰਿਸ਼ਨ ਕੁਮਾਰ, ਡਾ. ਕੁਲਵੰਤ ਸਿੰਘ ਆਦਿ ਨੇ ਸਮਰਥਕਾਂ ਸਮੇਤ ਸਵਨਾ ਦਾ ਸਾਥ ਦੇਣ ਦਾ ਐਲਾਨ ਕੀਤਾ ਹੈ। ਇਸ ਦੌਰਾਨ ਉਮੀਦਵਾਰ ਨਰਿੰਦਰ ਪਾਲ ਸਿੰਘ ਸਵਨਾ ਨੇ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਭਗਵਾਨ ਦਾਸ, ਬੂਟਾ ਰਾਮ, ਰਮੇਸ਼ ਕੰਬੋਜ, ਸੁਰਿੰਦਰ ਕੰਬੋਜ, ਗੁਲਸ਼ੇਰ ਸਿੰਘ ਸਰਪੰਚ, ਹਰਨੇਕ ਸਿੰਘ ਸਰਪੰਚ, ਪਰਮਜੀਤ ਸਿੰਘ ਨੂਰ ਸ਼ਾਹ ਤੇ ਕੁਲਦੀਪ ਸਿੰਘ ਪੰਨੂ ਆਦਿ ਹਾਜ਼ਰ ਸਨ।

ਬਨਾਉਟੀ ਅੰਗਾਂ ਲਈ ਦਿਵਿਆਂਗਜਨ ਸੀ.ਐੱਸ.ਸੀ. 'ਤੇ ਰਜਿਸਟਰੇਸ਼ਨ ਕਰਵਾਉਣ

ਫ਼ਾਜ਼ਿਲਕਾ, 3 ਜਨਵਰੀ (ਦਵਿੰਦਰ ਪਾਲ ਸਿੰਘ)-ਭਾਰਤੀ ਬਨਾਉਟੀ ਅੰਗ ਨਿਰਮਾਣ ਨਿਗਮ (ਅਲਿਮਕੋ) ਵਲੋਂ ਬਨਾਉਟੀ ਅੰਗ ਦੇਣ ਲਈ ਦਿਵਿਆਂਗਜਨਾਂ ਤੇ ਬਿਰਧਜਨਾਂ ਦੀ ਕਾਮਨ ਸਰਵਿਸ ਸੈਂਟਰ ਰਾਹੀਂ ਰਜਿਸਟ੍ਰੇਸ਼ਨ ਕੀਤੀ ਜਾ ਰਹੀ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਫ਼ਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਸ੍ਰੀਮਤੀ ਬਬੀਤਾ ਕਲੇਰ ਨੇ

ਦੱਸਿਆ ਹੈ ਕਿ ਜਿਹੜੇ ਦਿਵਿਆਂਗਜਨ ਜਾਂ ਬਿਰਧ ਬਨਾਉਟੀ ਅੰਗ ਪ੍ਰਾਪਤ ਕਰਨਾ ਚਾਹੁੰਦੇ ਹਨ ਉਹ ਆਪਣੇ ਨੇੜੇ ਦੇ ਕਾਮਨ ਸਰਵਿਸ ਸੈਂਟਰ (ਸੀ.ਐੱਸ.ਸੀ.) ਵਿਖੇ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬਨਾਉਟੀ ਅੰਗ ਪ੍ਰਾਪਤ ਕਰਨ ਲਈ ਰਜਿਸਟ੍ਰੇਸ਼ਨ ਕਰਵਾਉਣੀ ਜ਼ਰੂਰੀ ਹੈ ਅਤੇ ਰਜਿਸਟ੍ਰੇਸ਼ਨ ਲਈ ਆਪਣੇ ਦਿਵਿਆਂਗ ਹੋਣ ਦਾ ਸਰਟੀਫਿਕੇਟ, ਆਪਣੀ ਪ੍ਰਤੀ ਮਹੀਨਾ 15000 ਹਜ਼ਾਰ ਤੋਂ ਘੱਟ ਆਮਦਨ ਦਾ ਸਰਟੀਫਿਕੇਟ, ਫ਼ੋਟੋ, ਰਿਹਾਇਸ਼ ਦੇ ਸਬੂਤ ਵਜੋਂ ਰਾਸ਼ਨ ਕਾਰਡ, ਵੋਟਰ ਕਾਰਡ, ਆਧਾਰ ਕਾਰਡ ਆਦਿ ਦੇਣਾ ਲਾਜ਼ਮੀ ਹੋਵੇਗਾ।

ਭਾਕਿਯੂ ਖੋਸਾ ਪ੍ਰਧਾਨ ਮੰਤਰੀ ਫੇਰੀ ਦਾ ਕਰੇਗੀ ਵਿਰੋਧ

ਫ਼ਾਜ਼ਿਲਕਾ, 3 ਜਨਵਰੀ (ਦਵਿੰਦਰ ਪਾਲ ਸਿੰਘ)-ਸੰਯੁਕਤ ਕਿਸਾਨ ਮੋਰਚੇ ਨਾਲ ਕੀਤੇ ਲਿਖਤੀ ਸਮਝੌਤੇ ਸਬੰਧੀ ਸੰਜੀਦਗੀ ਨਾ ਵਿਖਾਉਣ ਕਰ ਕੇ ਕਿਸਾਨਾਂ ਨੇ ਪ੍ਰਧਾਨ ਮੰਤਰੀ ਪ੍ਰਧਾਨ ਮੰਤਰੀ ਦੀ ਫੇਰੀ ਮੌਕੇ ਵਿਰੋਧ ਕਰਨ ਦੀ ਚਿਤਾਵਨੀ ਦਿੱਤੀ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਭਾਰਤੀ ਕਿਸਾਨ ਯੂਨੀਅਨ ਖੋਸਾ ਦੇ ਜ਼ਿਲ੍ਹਾ ਪ੍ਰਧਾਨ ਹਰਦੀਪ ਸਿੰਘ, ਸੀਨੀਅਰ ਮੀਤ ਪ੍ਰਧਾਨ ਯਾਦਵਿੰਦਰ ਸਿੰਘ ਅਤੇ ਜ਼ਿਲ੍ਹਾ ਜਨਰਲ ਸਕੱਤਰ ਨੇ ਦੱਸਿਆ ਕਿ ਖੇਤੀ ਕਾਨੂੰਨ ਦੇ ਰੱਦ ਹੋਣ ਤੋਂ ਬਾਅਦ ਦਿੱਲੀ ਦੀਆਂ ਹੱਦਾਂ ਤੇ ਮੋਰਚਾ ਮੁਲਤਵੀ ਕਰਨ ਵੇਲੇ ਸਰਕਾਰ ਵਲੋਂ ਜੋ ਕੇਸ ਵਾਪਸੀ ਅਤੇ ਮ੍ਰਿਤਕ ਕਿਸਾਨਾਂ ਨੂੰ ਮੁਆਵਜ਼ਾ ਦੇਣ ਦਾ ਵਾਅਦਾ ਕੀਤਾ ਗਿਆ ਸੀ, ਉਸ ਪ੍ਰਤੀ ਕੋਈ ਸੰਜੀਦਗੀ ਨਹੀਂ ਦਿਖਾਈ ਗਈ, ਜਿਸ ਕਾਰਨ 5 ਜਨਵਰੀ ਨੂੰ ਪੰਜਾਬ ਫੇਰੀ ਮੌਕੇ ਪੰਜਾਬ ਵਿਚ ਪ੍ਰਧਾਨ ਮੰਤਰੀ ਦਾ ਵਿਰੋਧ ਕੀਤਾ ਜਾਵੇਗਾ।

ਐੱਨ.ਐੱਚ.ਐੱਮ. ਕਰਮਚਾਰੀਆਂ ਨੇ ਮੁੱਖ ਮੰਤਰੀ ਦਾ ਪੁਤਲਾ ਸਾੜਿਆ

ਫ਼ਾਜ਼ਿਲਕਾ, 3 ਜਨਵਰੀ(ਦਵਿੰਦਰ ਪਾਲ ਸਿੰਘ)-ਐੱਨ.ਐੱਚ.ਐੱਮ. ਅਧੀਨ ਠੇਕੇ ਤੇ ਆਊਟ ਸੋਰਸ ਕਰਮਚਾਰੀਆਂ ਵਲੋਂ 49ਵੇਂ ਦਿਨ ਵੀ ਸਿਹਤ ਸੇਵਾਵਾਂ ਠੱਪ ਰੱਖੀਆਂ ਗਈਆਂ। ਇਸ ਦੌਰਾਨ ਉਨ੍ਹਾਂ ਡਿਪਟੀ ਕਮਿਸ਼ਨਰ ਦਫ਼ਤਰ ਮੂਹਰੇ ਪੰਜਾਬ ਦੇ ਮੁੱਖ ਮੰਤਰੀ ਦਾ ਪੁਤਲਾ ਫੂਕਿਆ ਤੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਸ ਮੌਕੇ ਯੂਨੀਅਨ ਆਗੂ ਰਾਜੇਸ਼ ਕੁਮਾਰ ਨੇ ਚਿਤਾਵਨੀ ਦਿੱਤੀ ਕਿ ਜੇ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੀਆਂ ਗਈਆਂ ਤਾਂ ਉਹ ਜ਼ਿਲ੍ਹਾ ਫ਼ਾਜ਼ਿਲਕਾ ਵਿਚ ਹੋਣ ਵਾਲੇ ਕਾਂਗਰਸ ਪਾਰਟੀ ਦੇ ਪ੍ਰੋਗਰਾਮਾਂ ਦਾ ਵਿਰੋਧ ਕਰਨਗੇ। ਉਨ੍ਹਾਂ ਕਿਹਾ ਕਿ ਸਰਕਾਰ ਦੇ ਰੈਗੂਲਾਈਜੇਸ਼ਨ ਐਕਟ ਰਾਹੀਂ ਸਿਹਤ ਵਿਭਾਗ ਅਧੀਨ ਲੰਮੇ ਸਮੇਂ ਤੋਂ ਕੰਮ ਕਰ ਰਹੇ ਹਨ ਪਰ ਪੰਜਾਬ ਸਰਕਾਰ ਉਨ੍ਹਾਂ ਨੂੰ ਅਣਗੌਲਿਆ ਕਰ ਰਹੀ ਹੈ। ਬਲਜੀਤ ਸਿੰਘ ਨੇ ਦੱਸਿਆ ਕਿ ਇਹ ਕਰਮਚਾਰੀ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਮੁਕੰਮਲ ਭਰਤੀ ਪ੍ਰਕ੍ਰਿਆ ਰਾਹੀਂ ਭਰਤੀ ਹੋਏ ਹਨ। ਉਨ੍ਹਾਂ ਕਿਹਾ ਉਨ੍ਹਾਂ ਕੋਵਿਡ ਕਾਲ ਦੌਰਾਨ ਫ਼ਰੰਟ ਲਾਈਨ ਤੇ ਰਹਿ ਕੇ ਕੰਮ ਕੀਤਾ, ਪਰ ਪੰਜਾਬ ਸਰਕਾਰ ਇਨ੍ਹਾਂ 12000 ਕਰਮਚਾਰੀਆਂ ਨੂੰ ਪੱਕਾ ਨਹੀਂ ਕਰ ਰਹੀ, ਜਿਸ ਕਾਰਨ ਉਨ੍ਹਾਂ ਵਿਚ ਰੋਸ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਵਿੰਦਰ ਕੁਮਾਰ, ਡਾ. ਸੁਨੀਤਾ, ਪਰਮਿੰਦਰ ਸਿੰਘ, ਅਤਿੰਦਰ ਸਿੰਘ, ਬਲਜੀਤ ਸਿੰਘ, ਵਿਪਨ ਕੁਮਾਰ, ਕੁਲਦੀਪ ਸਿੰਘ, ਆਕਾਸ਼ ਕੁਮਾਰ, ਸ੍ਰੀਮਤੀ ਚਾਈਨਾ, ਜਸਪਿੰਦਰ ਕੌਰ, ਨਰੇਸ਼ ਕੁਮਾਰ, ਰਣਜੀਤ, ਸੁਰਿੰਦਰ ਕੁਮਾਰ, ਸ੍ਰੀਮਤੀ ਰਚਨਾ ਤੇ ਸ੍ਰੀਮਤੀ ਪੂਜਾ ਆਦਿ ਹਾਜ਼ਰ ਸਨ।

ਨਾਜਾਇਜ਼ ਰੇਤਾ ਦੀ ਨਿਕਾਸੀ 'ਚ ਲੱਗੇ ਟਰੈਕਟਰ ਟਰਾਲੀ ਕਾਬੂ

ਜਲਾਲਾਬਾਦ, 3 ਜਨਵਰੀ (ਜਤਿੰਦਰ ਪਾਲ ਸਿੰਘ)-ਥਾਣਾ ਵੈਰੋਂ ਕੇ ਪੁਲਿਸ ਨੇ ਪਿੰਡ ਕਾਠਗੜ੍ਹ ਦੇ ਸੇਮ-ਨਾਲੇ ਤੋਂ ਨਾਜਾਇਜ਼ ਰੇਤਾ ਦੀ ਨਿਕਾਸੀ 'ਚ ਲੱਗੇ ਹੋਏ ਟਰੈਕਟਰ ਟਰਾਲੀ ਸਮੇਤ 35 ਸੁਕੇਅਰ ਫੁੱਟ ਰੇਤ ਸਣੇ ਕਾਬੂ ਕਰਨ ਵਿਚ ਸਫਲਤਾ ਹਾਸਿਲ ਕੀਤੀ ਹੈ। ਸਹਾਇਕ ਥਾਣੇਦਾਰ ਦੇਸ ਰਾਜ ਨੇ ਦੱਸਿਆ ਕਿ ਉਨ੍ਹਾਂ ਨੂੰ ਮੁਖ਼ਬਰ ਖ਼ਾਸ ਨੇ ਇਤਲਾਹ ਦਿੱਤੀ ਸੀ ਕਿ ਕੁੱਝ ਵਿਅਕਤੀ ਕਾਠਗੜ੍ਹ ਸੇਮ-ਨਾਲੇ ਤੋਂ ਨਾਜਾਇਜ਼ ਰੇਤਾ ਦੀ ਨਿਕਾਸੀ ਕਰ ਰਹੇ ਹਨ, ਜਿਸ 'ਤੇ ਪੁਲਿਸ ਪਾਰਟੀ ਦੇ ਨਾਲ ਮੌਕੇ 'ਤੇ ਛਾਪਾ ਮਾਰਿਆ ਤੇ ਆਈਸ਼ਰ ਟਰੈਕਟਰ ਸਮੇਤ ਟਰਾਲੀ ਰੇਤਾ ਨਾਲ ਭਰੀ ਹੋਈ ਸੀ, ਨੂੰ ਕਾਬੂ ਕੀਤਾ ਗਿਆ। ਡਰਾਈਵਰ ਮੌਕੇ ਤੋਂ ਫ਼ਰਾਰ ਹੋ ਗਿਆ, ਜਿਸ 'ਤੇ ਨਾਮਾਲੂਮ ਵਿਅਕਤੀ ਖ਼ਿਲਾਫ਼ ਮਾਈਨਿੰਗ ਐਕਟ ਅਧੀਨ ਮੁਕੱਦਮਾ ਦਰਜ ਕਰਕੇ ਕਾਰਵਾਈ ਜਾਰੀ ਹੈ।

ਅਰਨੀਵਾਲਾ ਤੋਂ ਫ਼ਾਜ਼ਿਲਕਾ ਨੂੰ ਸਵੇਰੇ ਦੇ ਸਮੇਂ ਬੱਸ ਸਰਵਿਸ ਸ਼ੁਰੂ ਕਰਨ ਦੀ ਮੰਗ

ਮੰਡੀ ਅਰਨੀਵਾਲਾ, 3 ਜਨਵਰੀ (ਨਿਸ਼ਾਨ ਸਿੰਘ ਸੰਧੂ)-ਅਰਨੀਵਾਲਾ ਤੋਂ ਫ਼ਾਜ਼ਿਲਕਾ ਲਈ ਸਵੇਰੇ 8 ਵਜੇ ਤੋਂ ਪਹਿਲਾ ਕੋਈ ਵੀ ਸਰਕਾਰੀ ਜਾਂ ਪ੍ਰਾਈਵੇਟ ਬੱਸ ਸਰਵਿਸ ਨਾ ਹੋਣ ਕਰਕੇ ਫ਼ਾਜ਼ਿਲਕਾ ਜਾਣ ਵਾਲਿਆਂ ਨੂੰ ਵੱਡੀ ਦਿੱਕਤ ਆ ਰਹੀ ਹੈ। ਮੰਡੀ ਤੇ ਆਸ ਪਾਸ ਦੇ ਪਿੰਡਾਂ ਤੋਂ ਫ਼ਾਜ਼ਿਲਕਾ ਜਾਣ ਵਾਲਿਆਂ ਵਿਚ ਰੋਜ਼ਾਨਾ ਦੇ ਮੁਸਾਫ਼ਰ, ਸਰਕਾਰੀ, ਪ੍ਰਾਈਵੇਟ ਮੁਲਾਜ਼ਮ, ਵਿਦਿਆਰਥੀ, ਔਰਤਾਂ ਤੇ ਬਜ਼ੁਰਗ ਵੱਡੀ ਗਿਣਤੀ ਵਿਚ ਹੁੰਦੇ ਹਨ। ਸਵੇਰ ਦੇ ਟਾਈਮ ਤੇ ਅਰਨੀਵਾਲਾ ਤੋਂ ਫ਼ਾਜ਼ਿਲਕਾ ਨੂੰ ਬੱਸ ਸਰਵਿਸ ਨਾ ਹੋਣ ਕਰਕੇ ਦਫ਼ਤਰਾਂ, ਸਕੂਲਾਂ, ਕਾਲਜਾਂ ਜਾਂ ਕੰਮ ਵਾਲੀ ਥਾਂ 'ਤੇ ਸਮੇਂ ਸਿਰ ਨਹੀਂ ਪਹੁੰਚਿਆ ਜਾ ਰਿਹਾ, ਜਿਸ ਨਾਲ ਇਲਾਕਾ ਵਾਸੀਆਂ ਨੂੰ ਨੁਕਸਾਨ ਸਹਿਣਾ ਪੈ ਰਿਹਾ ਹੈ। ਕਈ ਸਕੂਲੀ ਬੱਚਿਆਂ ਦੇ ਮਾਪਿਆਂ ਨੇ ਦੱਸਿਆ ਕਿ ਸਰਦੀ ਵਿਚ ਸਕੂਲਾਂ, ਕਾਲਜਾਂ ਲਈ ਵੈਨ ਸਰਵਿਸ ਨਹੀਂ ਹੈ, ਜਿਸ ਕਰਕੇ ਮਾਪਿਆਂ ਨੂੰ ਆਪਣੇ ਬੱਚੇ ਖ਼ੁਦ ਫ਼ਾਜ਼ਿਲਕਾ ਦੇ ਸਕੂਲਾਂ, ਕਾਲਜਾਂ ਵਿਚ ਛੱਡ ਕੇ ਆਉਣੇ ਪੈ ਰਹੇ ਹਨ। ਇਸ ਕਰਕੇ ਇਲਾਕਾ ਵਾਸੀਆਂ ਨੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਅਰਨੀਵਾਲਾ ਤੋਂ ਫ਼ਾਜ਼ਿਲਕਾ ਲਈ ਸਵੇਰ ਸੱਤ ਵਜੇ ਦੇ ਨੇੜੇ ਤੇੜੇ ਬੱਸ ਸਰਵਿਸ ਸ਼ੁਰੂ ਕੀਤੀ ਜਾਵੇ ਤਾਂ ਜੋ ਇਲਾਕਾ ਵਾਸੀਆਂ ਨੂੰ ਇਸ ਦਾ ਫ਼ਾਇਦਾ ਮਿਲ ਸਕੇ।

ਅਬੋਹਰ ਵਿਖੇ 15 ਸਾਲ ਤੋਂ ਉੱਪਰ ਉਮਰ ਦੇ ਬੱਚਿਆਂ ਨੂੰ ਟੀਕਾ ਲਗਾਉਂਦੇ ਹੋਏ ਸਿਹਤ ਕਰਮਚਾਰੀ। ਤਸਵੀਰ-ਸੁਖਜੀਤ ਸਿੰਘ ਬਰਾੜ

15 ਸਾਲ ਤੋਂ ਵੱਧ ਉਮਰ ਦੇ ਬੱਚਿਆਂ ਦਾ ਟੀਕਾਕਰਨ ਸ਼ੁਰੂ

ਅਬੋਹਰ, 3 ਜਨਵਰੀ (ਸੁਖਜੀਤ ਸਿੰਘ ਬਰਾੜ)-ਦੇਸ਼ ਦੇ ਨਾਲ-ਨਾਲ ਹੁਣ ਪੰਜਾਬ 'ਚ ਵੀ ਕੋਰੋਨਾ ਦੇ ਮਾਮਲੇ ਵਧਣ ਲੱਗੇ ਹਨ, ਜਿਸ ਦੇ ਮੱਦੇਨਜ਼ਰ ਅੱਜ ਸਥਾਨਕ ਸਿਹਤ ਵਿਭਾਗ ਦੀਆਂ ਹਦਾਇਤਾਂ 'ਤੇ 15 ਤੋਂ 18 ਸਾਲ ਤੱਕ ਦੇ ਬੱਚਿਆਂ ਨੂੰ ਵੈਕਸੀਨ ਲਗਾਉਣ ਦੀ ਮੁਹਿਮ ਸ਼ੁਰੂ ਕੀਤੀ ਗਈ ਹੈ। ਐੱਸ.ਐੱਮ.ਓ. ਡਾ. ਗਗਨਦੀਪ ਸਿੰਘ ਤੇ ਨੋਡਲ ਅਫ਼ਸਰ ਡਾ. ਸਾਹਬ ਰਾਮ ਦੀ ਅਗਵਾਈ ਹੇਠ 15 ਤੋ 18 ਸਾਲ ਤੱਕ ਦੇ ਕਿਸ਼ੋਰਾਂ ਨੂੰ ਇਹ ਟੀਕਾ ਲਗਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਗਗਨਦੀਪ ਸਿੰਘ ਤੇ ਡਾ. ਸਾਹਬ ਰਾਮ ਨੇ ਦੱਸਿਆ ਕਿ ਅੱਜ ਤੋ ਸਿਹਤ ਵਿਭਾਗ ਦੀਆ ਹਦਾਇਤਾਂ 'ਤੇ ਹਸਪਤਾਲ 'ਚ ਬੱਚਿਆਂ ਦਾ ਟੀਕਾਕਰਨ ਸ਼ੁਰੂ ਕੀਤਾ ਗਿਆ ਹੈ, ਜਿਸ ਤਹਿਤ ਅੱਜ ਸਵੇਰੇ 9 ਤੋਂ 2 ਵਜੇ ਤੱਕ ਇਹ ਟੀਕਾਕਰਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪਹਿਲਾਂ ਦੀ ਤਰ੍ਹਾਂ, 18 ਤੋਂ ਵੱਧ ਲੋਕਾਂ ਦੇ ਪ੍ਰੋਟੋਕਾਲ ਦੀ ਪਾਲਨਾ ਕਰਦੇ ਹੋਏ, ਜਿਨ੍ਹਾਂ ਨੂੰ ਇਹ ਟੀਕਾ ਲਗਾਇਆ ਗਿਆ ਸੀ, ਹੁਣ ਇਹ ਟੀਕਾ ਬੱਚਿਆਂ ਨੂੰ ਲਗਾਇਆ ਜਾ ਰਿਹਾ ਹੈ। ਇਸ ਲਈ 15 ਤੋਂ 18 ਸਾਲ ਦੇ ਬੱਚਿਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਇਹ ਟੀਕਾ ਜ਼ਰੂਰ ਲਗਵਾਉਣਾ ਚਾਹੀਦਾ ਹੈ।

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ 'ਚ ਡਿਪਟੀ ਕਮਿਸ਼ਨਰ ਸ੍ਰੀਮਤੀ ਬਬੀਤਾ ਕਲੇਰ ਨੂੰ ਸਨਮਾਨਿਤ ਕੀਤੇ ਜਾਣ ਦਾ ਦ੍ਰਿਸ਼। ਤਸਵੀਰ-ਪ੍ਰਦੀਪ ਕੁਮਾਰ

ਸਰਬੱਤ ਦੇ ਭਲੇ ਲਈ ਸ੍ਰੀ ਸੁਖਮਨੀ ਸਾਹਿਬ ਪਾਠ ਦੇ ਭੋਗ ਪਾਏ

ਫ਼ਾਜ਼ਿਲਕਾ, 3 ਜਨਵਰੀ (ਦਵਿੰਦਰ ਪਾਲ ਸਿੰਘ)-ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਫ਼ਾਜ਼ਿਲਕਾ ਦੇ ਸਮੂਹ ਕਰਮਚਾਰੀਆਂ, ਅਧਿਕਾਰੀਆਂ, ਵਸੀਕਾ ਨਵੀਸ, ਵਕੀਲਾਂ, ਟਾਈਪਿਸਟ ਆਦਿ ਸਮੂਹ ਸੰਗਤਾਂ ਵਲੋਂ ਹਰੇਕ ਸਾਲ ਦੀ ਤਰ੍ਹਾਂ ਨਵੇਂ ਸਾਲ 2022 ਦੀ ਆਮਦ ਨੂੰ ਮੁੱਖ ਰੱਖਦਿਆਂ ਸਰਬੱਤ ਦੇ ਭਲੇ ਲਈ ਸ੍ਰੀ ਸੁਖਮਨੀ ਸਾਹਿਬ ਪਾਠ ਦੇ ਭੋਗ ਪਾਏ ਗਏ ਤੇ ਰਾਗੀ ਸਿੰਘਾਂ ਵੱਲੋਂ ਸੰਗਤਾਂ ਨੂੰ ਇਲਾਹੀ ਬਾਣੀ ਦੇ ਕੀਰਤਨ ਨਾਲ ਨਿਹਾਲ ਕੀਤਾ ਗਿਆ। ਇਸ ਮੌਕੇ ਪ੍ਰਬੰਧਕਾਂ ਵਲੋਂ ਸਮੂਹ ਸੰਗਤਾਂ ਲਈ ਗੁਰੂ ਕੇ ਲੰਗਰ ਦਾ ਪ੍ਰਬੰਧ ਕੀਤਾ ਗਿਆ ਤੇ ਸਮੂਹ ਹਾਜ਼ਰੀਨ ਨੂੰ ਨਵੇਂ ਸਾਲ ਦੀ ਆਮਦ ਤੇ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ। ਇਸ ਮੌਕੇ ਸਰਬੱਤ ਦੇ ਭਲੇ ਲਈ ਅਰਦਾਸ ਵੀ ਕੀਤੀ ਗਈ। ਇਸ ਮੌਕੇ ਡਿਪਟੀ ਕਮਿਸ਼ਨਰ ਫ਼ਾਜ਼ਿਲਕਾ ਸ੍ਰੀਮਤੀ ਬਬੀਤਾ ਕਲੇਰ ਨੇ ਸੰਗਤ ਦੇ ਰੂਪ ਵਿਚ ਵਿਸ਼ੇਸ਼ ਤੌਰ ਤੇ ਹਾਜ਼ਰੀ ਲਗਵਾਈ ਅਤੇ ਸਮੂਹ ਸੰਗਤ ਨੂੰ ਨਵੇਂ ਸਾਲ ਦੇ ਅਵਸਰ ਤੇ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

ਰਾਮਸਰਾ ਨਹਿਰ 'ਚ ਪਏ ਪਾੜ ਦਾ ਦ੍ਰਿਸ਼। ਤਸਵੀਰ- ਬਰਾੜ

ਕਾਲਾ ਟਿੱਬਾ ਨੇੜੇ ਰਾਮਸਰਾ ਨਹਿਰ 'ਚ ਪਿਆ ਪਾੜ

ਅਬੋਹਰ, 3 ਜਨਵਰੀ (ਸੁਖਜੀਤ ਸਿੰਘ ਬਰਾੜ)-ਬੀਤੀ ਰਾਤ ਸਰਹੱਦੀ ਪਿੰਡਾਂ ਨੂੰ ਨਹਿਰੀ ਪਾਣੀ ਮੁਹੱਈਆ ਕਰਵਾਉਣ ਵਾਲੀ ਰਾਮਸਰਾ ਨਹਿਰ 'ਚ ਪਿੰਡ ਕਾਲਾ ਟਿੱਬਾ ਤੋਂ ਰਾਜਾਂ ਵਾਲੀ ਵਿਚਕਾਰ ਪਾੜ ਪੈ ਗਿਆ, ਜਿਸ ਕਾਰਨ ਕਿਸਾਨਾਂ ਤੇ ਬਾਗ਼ਾਂ 'ਤੇ ਫ਼ਸਲਾਂ ਵਿਚ ਪਾਣੀ ਭਰ ਗਿਆ। ਘਟਨਾ ਦੀ ਸੂਚਨਾ ਮਿਲਿਆਂ ਹੀ ਨਹਿਰੀ ਵਿਭਾਗ ਵਲੋਂ ਇਕ ਵਾਰ ਨਹਿਰ ਬੰਨ੍ਹਣ ਲਈ ਪਾਣੀ ਦੀ ਸਪਲਾਈ ਬੰਦ ਕਰ ਦਿੱਤੀ ਗਈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਇਹ ਨਹਿਰ ਟੁੱਟਣ ਨਾਲ ਸਰਹੱਦੀ ਪਿੰਡਾਂ ਦੇ ਕਿਸਾਨਾਂ ਨੂੰ ਦੋਹਰੀ ਮਾਰ ਪੈ ਗਈ, ਕਿਉਂਕਿ ਕਰੀਬ 42-43 ਦਿਨ ਦੀ ਬੰਦੀ ਬਾਅਦ ਨਹਿਰਾਂ 'ਚ ਪਾਣੀ ਆਇਆ ਸੀ। ਨਹਿਰ ਟੁੱਟਣ ਨਾਲ ਇਕ ਵਾਰ ਫੇਰ ਤੋਂ ਨਹਿਰ ਬੰਦ ਹੋ ਗਈ। ਜਦੋਂ ਇਸ ਸਬੰਧ ਨਹਿਰੀ ਵਿਭਾਗ ਦੇ ਐਕਸੀਅਨ ਰਮਨਪ੍ਰੀਤ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਅਚਾਨਕ ਨਹਿਰ ਵਿਚ ਪਾੜ ਪੈ ਗਿਆ ਸੀ। ਜਲਦੀ ਹੀ ਨਹਿਰ ਨੂੰ ਬੰਨ੍ਹ ਲਿਆ ਜਾਵੇਗਾ। ਨਹਿਰ ਬੰਨ੍ਹਦਿਆਂ ਹੀ ਨਹਿਰ ਵਿਚ ਪਾਣੀ ਛੱਡ ਦਿੱਤਾ ਜਾਵੇਗਾ।

'ਆਪ' ਉਮੀਦਵਾਰ ਸਵਨਾ ਦੇ ਦਫ਼ਤਰ ਦਾ ਉਦਘਾਟਨ ਅੱਜ

ਫ਼ਾਜ਼ਿਲਕਾ, 3 ਜਨਵਰੀ(ਦਵਿੰਦਰ ਪਾਲ ਸਿੰਘ)-ਫ਼ਾਜ਼ਿਲਕਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਨਰਿੰਦਰ ਪਾਲ ਸਿੰਘ ਸਵਨਾ ਦੇ ਚੋਣ ਦਫ਼ਤਰ ਦਾ ਉਦਘਾਟਨ ਅੱਜ ਸਵੇਰੇ 11 ਵਜੇ ਕੀਤਾ ਜਾਵੇਗਾ। ਜਾਣਕਾਰੀ ਦਿੰਦਿਆਂ ਉਮੀਦਵਾਰ ਸਵਨਾ ਨੇ ਦੱਸਿਆ ਕਿ ਘਾਹ ਮੰਡੀ ਵਿਚ ਚੋਣ ਦਫ਼ਤਰ ਦਾ ਉਦਘਾਟਨ ਕੀਤਾ ਜਾਵੇਗਾ। ਇਸ ਦੌਰਾਨ ਘਾਹ ਮੰਡੀ ਵਿਚ ਹੀ ਵਿਸ਼ਾਲ ਮੀਟਿੰਗ ਦਾ ਆਯੋਜਨ ਵੀ ਕੀਤਾ ਜਾਵੇਗਾ।

ਫ਼ਾਜ਼ਿਲਕਾ ਦੇ ਵੱਖ-ਵੱਖ ਪਿੰਡਾਂ ਵਿਚ ਨੁੱਕੜ ਸਭਾਵਾਂ ਨੂੰ ਸੰਬੋਧਨ ਕਰਦੇ ਹੋਏ ਅਕਾਲੀ-ਬਸਪਾ ਉਮੀਦਵਾਰ ਹੰਸ ਰਾਜ ਜੋਸਨ। ਅਜੀਤ ਤਸਵੀਰ

ਚੰਨੀ ਦੇ ਝੂਠੇ ਐਲਾਨਾਂ ਦੀ ਸੂਚੀ 'ਚ ਹੋਰ ਰਿਹਾ ਹੈ ਵਾਧਾ- ਜੋਸਨ

ਫ਼ਾਜ਼ਿਲਕਾ, 3 ਜਨਵਰੀ(ਦਵਿੰਦਰ ਪਾਲ ਸਿੰਘ)-ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵਲੋਂ ਕੀਤੇ ਗਏ ਝੂਠੇ ਵਾਅਦੇ ਤੇ ਐਲਾਨ ਕਿਸੇ ਤੋਂ ਵੀ ਲੁਕੇ ਹੋਏ ਨਹੀਂ ਹਨ। ਇਹ ਸ਼ਬਦ ਫ਼ਾਜ਼ਿਲਕਾ ਤੋਂ ਅਕਾਲੀ-ਬਸਪਾ ਦੇ ਉਮੀਦਵਾਰ ਹੰਸ ਰਾਜ ਜੋਸਨ ਨੇ ਵੱਖ-ਵੱਖ ਪਿੰਡਾਂ ਵਿਚ ਆਯੋਜਿਤ ਨੁੱਕੜ ਸਭਾਵਾਂ ਨੂੰ ਸੰਬੋਧਿਤ ਕਰਦਿਆਂ ਕਹੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਚੰਨੀ ਦੁਆਰਾ ਕੀਤੇ ਗਏ ਝੂਠੇ ਐਲਾਨਾਂ ਦੀ ਸੂਚੀ ਲਗਾਤਾਰ ਵਧਦੀ ਜਾ ਰਹੀ ਹੈ। ਪੰਜਾਬ ਦੇ ਰਾਜਪਾਲ ਨੇ ਇਹ ਗੱਲ ਸਾਫ਼ ਕਰ ਦਿੱਤੀ ਹੈ ਕਿ ਪੰਜਾਬ ਸਰਕਾਰ ਵਲੋਂ ਬਿਜਲੀ ਖ਼ਰੀਦ ਸਮਝੌਤੇ ਤੇ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਕੰਮ ਹਾਲੇ ਲਾਗੂ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਅਕਾਲੀ-ਬਸਪਾ ਸਰਕਾਰ ਆਉਣ 'ਤੇ ਪੰਜਾਬ ਵਿਚ ਜਿੱਥੇ ਵਿਕਾਸ ਦੀ ਝੜੀ ਲਗਾਈ ਜਾਵੇਗੀ, ਉੱਥੇ ਹੀ ਲੋਕਾਂ ਨੂੰ ਵੀ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਨਿਰਭੈ ਸਿੰਘ ਬਰਾੜ, ਓਮ ਪ੍ਰਕਾਸ਼ ਬੱਟੀ, ਜਥੇਦਾਰ ਸੁਖਪਾਲ ਸਿੰਘ, ਬਲਵੀਰ ਸਿੰਘ ਝੰਗੜ ਭੈਣੀ, ਸੰਪੂਰਨ ਸਿੰਘ ਬੱਬੀ ਖੋਸਾ, ਮਲਕੀਤ ਸਿੰਘ, ਰਣਜੀਤੋ ਬਾਈ, ਧਰਮਿੰਦਰ ਸਿੰਘ, ਰਾਮ ਸਿੰਘ, ਹੰਸ ਸਿੰਘ, ਬਲਦੇਵ ਸਿੰਘ ਰਿਸ਼ੀ ਮੁਜੈਦੀਆ, ਗੁਲਸ਼ੇਰ ਸਿੰਘ ਤੇ ਹੋਰ ਹਾਜ਼ਰ ਸਨ।

ਟਿਕਟ ਨਾ ਮਿਲਣ 'ਤੇ ਸਮਰਬੀਰ ਸਮਰਥਕ ਪਾਣੀ ਵਾਲੀ ਟੈਂਕੀ 'ਤੇ ਚੜ੍ਹਿਆ

ਫ਼ਾਜ਼ਿਲਕਾ, 3 ਜਨਵਰੀ (ਦਵਿੰਦਰ ਪਾਲ ਸਿੰਘ)-ਫ਼ਾਜ਼ਿਲਕਾ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸਮਰਬੀਰ ਸਿੰਘ ਸਿੱਧੂ ਵਲੋਂ ਵਿਧਾਨ ਸਭਾ ਹਲਕਾ ਤੋਂ ਟਿਕਟ ਨਾ ਮਿਲਣ ਦੇ ਰੋਸ ਵਜੋਂ ਕੀਤੀ ਗਈ ਰੈਲੀ ਤੋਂ ਬਾਅਦ ਉਨ੍ਹਾਂ ਦਾ ਇਕ ਸਮਰਥਕ ਰੋਸ ਵਜੋਂ ਘਾਹ ਮੰਡੀ ਵਿਚਲੀ ਇਕ ਪਾਣੀ ਦੀ ਟੈਂਕੀ 'ਤੇ ਚੜ੍ਹ ਗਿਆ। ਆਮ ਆਦਮੀ ਪਾਰਟੀ ਦਾ ਜ਼ਿਲ੍ਹਾ ਸਕੱਤਰ ਜੈ ਚੰਦ ਰੈਲੀ ਤੋਂ ਬਾਅਦ ਘਾਹ ਮੰਡੀ ਵਿਚਲੀ ਟੈਂਕੀ 'ਤੇ ਚੜ੍ਹ ਗਿਆ ਅਤੇ ਪਾਰਟੀ ਤੋਂ ਸਮਰਬੀਰ ਸਿੰਘ ਦੇ ਹੱਕ ਵਿਚ ਟਿਕਟ ਮੰਗਣ ਲੱਗਿਆ। ਟੈਂਕੀ 'ਤੇ ਚੜ੍ਹਨ ਤੋਂ ਬਾਅਦ ਪ੍ਰਸ਼ਾਸਨ ਨੂੰ ਹੱਥਾਂ ਪੈਰਾਂ ਦੀ ਪੈ ਗਈ। ਹਲਕਾ ਇੰਚਾਰਜ ਸਮਰਬੀਰ ਸਿੰਘ ਸਿੱਧੂ ਖ਼ੁਦ ਟੈਂਕੀ 'ਤੇ ਚੜ੍ਹੇ ਅਤੇ ਪਿਆਰ ਨਾਲ ਸਮਝਾ ਕੇ ਉਸ ਨੂੰ ਥੱਲੇ ਲਿਆਂਦਾ ਅਤੇ ਕਿਹਾ ਕਿ ਇਹ ਕੋਈ ਰੋਸ ਦਾ ਤਰੀਕਾ ਨਹੀਂ। ਉਨ੍ਹਾਂ ਕਿਹਾ ਕਿ ਅੱਜ ਦਾ ਜੁੜਿਆ ਇਕੱਠ ਸਾਬਤ ਕਰਦਾ ਹੈ ਕਿ ਲੋਕ ਆਪਣੇ ਨਾਲ ਹਨ, ਜੋ ਫ਼ੈਸਲਾ ਲੋਕਾਂ ਦਾ ਹੋਵੇਗਾ ਆਪਾਂ ਉਸ ਨੂੰ ਮੰਨਾਂਗੇ।

ਫ਼ਾਜ਼ਿਲਕਾ ਵਿਖੇ ਰੋਸ ਵਜੋਂ ਪਾਣੀ ਵਾਲੀ ਟੈਂਕੀ 'ਤੇ ਚੜ੍ਹੇ ਵਰਕਰ ਨੂੰ ਉਤਾਰ ਕੇ ਥੱਲੇ ਲਿਆਉਣ ਮੌਕੇ ਹਲਕਾ ਇੰਚਾਰਜ ਸਮਰਬੀਰ ਸਿੰਘ ਸਿੱਧੂ। ਤਸਵੀਰ-ਪ੍ਰਦੀਪ ਕੁਮਾਰ